Tender Heart High school Sec- 33 B Chd. Class-X
Topic - 'ਸ਼ਹੀਦ' ਪਾਠ - 10 Punjabi Lit.
Assignment no - (8) By Ramandeep Kaur Page-1

ਨੋਟ ਅਸੀਂ 'ਸ਼ਹੀਦ' ਕਹਾਣੀ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਉਮੀਦ ਹੈ ਵਿਦਿਆਰਥੀਆਂ ਨੂੰ ਇਸਦਾ ਵਿਸ਼ਾ ਸਮਝਣ ਵਿੱਚ ਔਖ ਨਹੀਂ ਆਈ ਹੋਵੇਗੀ। ਹੁਣ ਅਸੀਂ ਕਹਾਣੀ ਦੇ ਕੁਝ ਖਾਸ ਪਹਿਲੂਆਂ ਬਾਰੇ ਵਿਚਾਰ-ਵਿਮਰਸ਼ ਕਰਾਂਗੇ।

## ਕਹਾਣੀ ਦੇ ਖਾਸ ਪਹਿਲੂ ਜਾਂ ਕਹਾਣੀ ਰਚਣ ਦਾ ਉਦੇਸ਼।

* ਕਹਾਣੀ ਲਿਖਣ ਦਾ ਖਾਸ ਉਦੇਸ਼ ਤਾਂ ਇਹ ਲਗਦਾ ਹੈ ਕਿ ਸਾਡੇ ਸਮਾਜ ਵਿੱਚ ਬਦਲਾਵ ਕਦੋਂ ਆਵੇਗਾ। ਲੋਕਾਂ ਦੀਆਂ ਅੱਖਾਂ ਤੋਂ ਪਰਦਾ ਕਦੋਂ ਹਟੇਗਾ। ਉਹਨਾਂ ਵਿੱਚ ਜਾਗ੍ਰਿਤੀ ਕਦੋਂ ਆਵੇਗੀ।

* ਸਮਾਜ ਵਿਚਲੇ ਧਰਮਾਂ ਦੇ ਆਪਸੀ ਝਗੜੇ ਕਦੋਂ ਮੁੱਕਣਗੇ ਅਤੇ ਸਾਂਤੀ - ਅਮਨ ਦਾ ਬੋਲਬਾਲਾ ਕਿਵੇਂ ਆਵੇਗਾ।

* ਸਿਆਸਤਦਾਨਾ ਦੇ ਕਾਰਨਾਮਿਆਂ ਤੇ ਵਧੀਆ ਢੰਗ ਨਾਲ ਵਿਅੰਗ ਕਸਿਆ ਹੈ।

* ਲੋਕਾਂ ਨੂੰ ਕਦੋਂ 'ਅਸਲੀ', ਜਾਂ 'ਦੁਨਿਆ ਦੇ ਸਾਂਝੇ ਸ਼ਹੀਦ' ਦੇ ਅਰਥ ਸਮਝ ਆਉਣਗੇ। ਉਹ 'ਸ਼ਹੀਦ' ਜਿਹੜੇ ਬਿਮਾਰੀ ਅਤੇ ਗਰੀਬੀ ਕਾਰਨ ਮਰ ਰਹੇ ਹਨ। ਇਹ ਸਮਾਜਿਕ ਬੁਰਾਈਆਂ ਦਾ ਅੰਤ ਕਦੋਂ ਹੋਵੇਗਾ।

* ਕਿਸੇ ਵੀ ਦੇਸ਼ ਦੇ ਫੌਜੀਆਂ ਦਾ ਜੀਵਨ ਅਨਮੋਲ ਹੈ। ਉਹ ਆਪਣੇ ਦੇਸ਼ ਦੇ ਫਰਜ਼ ਨਿਭਾਉਂਦੇ ਸ਼ਹੀਦ ਹੁੰਦੇ ਹਨ। ਉਹਨਾਂ ਦੀਆਂ ਸ਼ਹੀਦੀਆਂ ਦਾ ਜਲੂਸ ਨਾ ਕੱਢਿਆ ਜਾਵੇ।

Topic - 'ਸ਼ਹੀਦ' ਪਾਠ-10 Class-X
Assignment no-(8) By Ramandeep kaur

★ ਸਾਨੂੰ ਸਭ ਨੂੰ ਹੰਭਲਾ ਮਾਰ ਕੇ ਸਮਾਜਿਕ ਬੁਰਾਈਆਂ (ਗਰੀਬੀ, ਬਿਮਾਰੀ, ਭੁੱਖਮਰੀ) ਨੂੰ ਖਤਮ ਕਰਨਾ ਚਾਹੀਦਾ ਹੈ।

★ ਧਾਰਮਿਕ ਵਿਤਕਰਿਆਂ ਨਾਲ ਆਪਣੇ ਜੀਵਨ ਨੂੰ ਹੋਰ ਵੀ ਔਖ ਵਿੱਚ ਪਾ ਲਵਾਂਗੇ।

ਉਪਰੋਕਤ ਪਹਿਲੂਆਂ ਤੋਂ ਬਾਹਰ ਅਸੀਂ ਉਹਨਾਂ ਘਟਨਾਵਾਂ ਦੀ ਚਰਚਾ ਕਰਾਂਗੇ ਜਿਹਨਾਂ ਦਾ ਜ਼ਿਕਰ ਕਹਾਣੀ ਵਿੱਚ ਹੋਇਆ ਹੈ।

ਸ਼ਹੀਦ → ਕਹਾਣੀ ਦੀਆਂ ਘਟਨਾਵਾਂ

↓

'ਸ਼ਹੀਦ' ਦਾ ਅਰਥ।
ਕਾਮਨ ਕਾਜ਼ ਲਈ ਫਾਂਸੀ ਚੜ੍ਹਦੇ ਹਨ
ਮਰਜੀਵੜੇ ਹੁੰਦੇ ਹਨ।
ਰੰਗਾ ਬਿੱਲਾ, ਨੱਥੂ ਰਾਮ ਗੋਡਸੇ, ਜ਼ੁਲਫ਼ ਅਲੀ ਭੁੱਟੋ

↓

'ਬਹਾਦਰ' ਅਤੇ 'ਕਾਫ਼ਰ' ਦਾ ਅਰਥ
ਸਾਡੇ ਦੇਸ਼ ਦਾ 'ਬਹਾਦਰ' ਦੂਜੇ ਵਾਸਤੇ ਕਾਫ਼ਰ
ਹਿੰਦੂਸਤਾਨ - ਪਾਕਿਸਤਾਨ ਦਾ ਆਪਸੀ ਭੇਦ-ਭਾਵ

'ਹੁਸੈਨੀਵਾਲਾ ਤੇ ਹਮਲਾ'
ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬੁੱਤ ਉਖਾੜ ਗਏ।

'ਸਾਡੇ ਸ਼ਹੀਦ' ਕੌਣ।
ਹਿਸਟਰੀ ਦੇ ਰਚਣਹਾਰ ਕੌਣ।
ਸਿਆਸਤਦਾਨਾ ਦੀ ਖੇਡ।
ਕੋਈ ਹੀਰੋ ਅਤੇ ਕੋਈ ਜ਼ੀਰੋ
ਧਾਰਮਿਕ ਫਿਰਕਿਆਂ ਦੇ ਵੈਰ-ਵਿਰੋਧ।
'ਕੋਈ ਗੱਦਾਰ ਅਤੇ ਕੋਈ ਸ਼ਹੀਦ'

Topic - 'ਸ਼ਹੀਦ' ਪਾਠ -10 Class- X

Assignment no - (8) By Ramandeep Kaur

'ਸਾਰੀ ਦੁਨੀਆ ਦਾ ਸਾਂਝਾ ਸ਼ਹੀਦ ਹੋਣਾ'
ਅੰਤਿਮ ਤੇ ਫੈਸਲਾਕੁਨ ਲੜਾਈ ਦਾ ਆਰੰਭ

↓

'ਰਾਮ ਲਾਲ ਦਾ ਸ਼ਹੀਦ ਹੋਣਾ'
ਬਿਮਾਰੀ, ਭੁੱਖਮਰੀ ਅਤੇ ਗਰੀਬੀ ਕਾਰਨ ।

↓

'ਅਸਲ ਲੜਾਈ' ਜਿਹੜੀ ਸਾਂਝੇ ਸ਼ਹੀਦਾਂ ਨੇ ਲੜਨੀ ਹੈ ।

↓

ਬੱਚੇ ਨੂੰ ਸਮਾਜਿਕ ਸੱਚਾਈ ਦੀ ਸਮਝ ਆਉਣਾ

ਅਭਿਆਸ Homework

ਹੇਠਾਂ ਲਿਖੀ ਲਿਖਤ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ।

"ਇਹ ਕੀ ਕਰ ਰਹੇ ਨੇ ਡੈਡੀ ? ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਨੇ ਜਾਂ ਜਿੱਤ ਦਾ ਜਸ਼ਨ ਮਨਾ ਰਹੇ ਨੇ ?" ਬਹਾਦਰੀ ਵਿਖਾ ਰਹੇ ਨੇ। ਸ਼ਹੀਦਾਂ ਨੂੰ ਸ਼ਰਮਿੰਦਾ ਕਰ ਰਹੇ ਨੇ। ਮੇਰੇ ਮੂੰਹੋਂ ਨਾ ਚਾਹੁੰਦਿਆਂ ਵੀ ਨਿਕਲ ਗਿਆ।" ਪਰ ਇਹ ਤਾਂ ਸਾਂਝੇ ਮੁਲਕ ਦੇ ਸ਼ਹੀਦ ਹਨ। 'ਸਾਂਝੇ ਸ਼ਹੀਦ' ਮੁੰਡੇ ਨੇ ਹੈਰਾਨੀ ਪ੍ਰਗਟ ਕੀਤੀ।

(i) ਉਪਰੋਕਤ ਵਾਰਤਾਲਾਪ ਕਿਹਨਾਂ ਵਿਚਕਾਰ ਹੋ ਰਹੀ ਹੈ?
(ii) ਇਹ ਵਾਰਤਾਲਾਪ ਦਾ ਸੰਬੰਧ ਕਿਹੜੀ ਘਟਨਾ ਨਾਲ ਹੈ?
(iii) ਮੁੰਡੇ ਨੇ ਹੈਰਾਨੀ ਕਿਉਂ ਪ੍ਰਗਟ ਕੀਤੀ?
(iv) ਕਹਾਣੀ ਦੇ ਅੰਤ ਵਿੱਚ ਲੇਖਕ ਸਾਂਝੇ ਸ਼ਹੀਦ ਕਿਸਨੂੰ ਕਹਿੰਦਾ ਹੈ?

ਵਿਦਿਆਰਥੀ ਕਹਾਣੀ ਨੂੰ ਧਿਆਨ ਨਾਲ ਪੜ੍ਹਨਗੇ ਅਤੇ ਇਸ ਦੇ ਅਧਾਰ ਤੇ ਉਪਰੋਕਤ ਪ੍ਰਸ਼ਨ ਆਪਣੀ ਕਾਪੀ ਤੇ ਹੱਲ ਕਰਨਗੇ।

Topic – 'ਚਿੱਤਰ ਲੇਖਣ' ਅਤੇ 'ਚਿੱਠੀ ਰਚਨਾ'

Class – X    Punjabi Lang.

Assignment no – (8)    By Ramandeep kaur

I ਵਿਦਿਆਰਥੀ ਹੇਠਾਂ ਦਿੱਤੇ ਚਿੱਤਰ ਨੂੰ ਧਿਆਨ ਨਾਲ ਵੇਖਣਗੇ ਅਤੇ ਆਪਣੇ ਮਨ ਵਿੱਚ ਆਏ ਵਿਚਾਰਾਂ ਨੂੰ 250 ਸ਼ਬਦਾਂ ਵਿੱਚ ਲਿਖਣਗੇ।



II ਵਿਦਿਆਰਥੀਆਂ ਵਿੱਚ ਵਧਦੀ ਹੋਈ ਨਸ਼ਿਆਂ ਦੀ ਵਰਤੋਂ ਸੰਬੰਧੀ ਕਿਸੇ ਪੰਜਾਬੀ ਦੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਵਿਚਾਰ ਦਸਦੇ ਹੋਏ ਚਿੱਠੀ ਲਿਖੋ।

Page-4 (last page)